pstcl ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ.ਦਫ਼ਤਰ: ਪੀ.ਐਸ.ਈ.ਬੀ, ਹੈੱਡ ਆਫਿਸ, ਮਾਲ ਰੋਡ, ਪਟਿਆਲਾ-147001, ਪੰਜਾਬ, ਭਾਰਤ)
ਕਾਰਪੋਰੇਟ ਆਈ.ਡੀ ਨੰ:: U40109PB2010SGC033814
ਦਫ: ਨਿਗਰਾਨ ਇੰਜੀ. / ਐਚ.ਆਰ. ਅਤੇ ਪ੍ਰਬੰਧਕੀ, ਪੀ. ਐਸ. ਟੀ. ਸੀ. ਐਲ.,ਪਟਿਆਲਾ

ਫੋਨ ਨੰ:0175-2970693 ਈ.ਮੇਲ se-admin@pstcl.org ਵੈਬਸਾਇਟ :www.pstcl.org

ਵੱਲ

1. ਮੁੱਖ ਇੰਜੀ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ।
2. ਮੁੱਖ ਇੰਜੀ:/ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ।
3. ਮੁੱਖ ਇੰਜੀ:/ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ., ਅਬਲੋਵਾਲ (ਪਟਿਆਲਾ)।
4. ਸਮੂਹ ਉਪ ਮੁੱਖ ਇੰਜੀ./ਨਿਗਰਾਨ ਇੰਜੀ: ਅਧੀਨ ਪੀ.ਐਸ.ਟੀ.ਸੀ.ਐਲ.।

ਮੀਮੋ ਨੰ: 15947/50 ਮਿਤੀ: 3/8/22

ਵਿਸ਼ਾ: ਤਕਨੀਕੀ ਕਰਮਚਾਰੀਆਂ ਦੇ ਬਦਲੀ/ਤੈਨਾਤੀ ਸਬੰਧੀ ਦਫਤਰੀ ਹੁਕਮ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।

ਹਵਾਲਾ:- ਇਸ ਦਫਤਰ ਦਾ ਮੀਮੋ ਨੰ: 4834 ਮਿਤੀ 20.04.2021 ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਦੇ ਦਫਤਰੀ ਹੁਕਮ ਨੰ: 304 ਮਿਤੀ 16.05.2017 ਅਤੇ ਦਫਤਰੀ ਹੁਕਮ ਨੰ: 485 ਮਿਤੀ 18.07.2019 ਰਾਹੀਂ ਏ.ਏ.ਈ. ਅਤੇ ਉਸ ਤੋਂ ਹੇਠਲੇ ਰੈਂਕ ਦੇ ਤਕਨੀਕੀ ਕੇਡਰ ਦੇ ਕਰਮਚਾਰੀਆਂ ਦੀਆਂ ਉਹਨਾਂ ਦੀ ਸੰਸਥਾ ਅਧੀਨ ਬਦਲੀਆਂ ਦੀ ਪਾਵਰ ਮੁੱਖ ਇੰਜ਼ੀਨੀਅਰਜ਼/ਉਪ ਮੁੱਖ ਇੰਜੀਨੀਅਰਜ਼ ਨੂੰ ਦਿੱਤੀ ਗਈ ਹੈ।

ਉਕਤ ਦਫਤਰੀ ਹੁਕਮਾਂ ਰਾਹੀਂ ਦਿੱਤੀਆਂ ਗਈਆਂ ਪਾਵਰਾਂ ਦੀ ਵਰਤੋ ਕਰਦੇ ਹੋਏ ਮੁੱਖ ਇੰਜ਼ੀਨੀਅਰਜ਼/ਉਪ ਮੁੱਖ ਇੰਜੀਨੀਅਰਜ਼ ਵੱਲੋਂ ਆਪਣੀ ਸੰਸਥਾ ਅਧੀਨ ਕਰਮਚਾਰੀਆਂ ਦੀ ਬਦਲੀਆਂ/ਤੈਨਾਤੀਆਂ ਦੇ ਦਫਤਰੀ ਹੁਕਮ ਜਾਰੀ ਕੀਤੇ ਜਾਂਦੇ ਹਨ। ਪ੍ਰੰਤੂ ਸਾਰੇ ਦਫਤਰੀ ਹੁਕਮ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ ਤੇ ਅਪਲੋਡ ਨਹੀਂ ਕੀਤੇ ਜਾ ਰਹੇ ਹਨ। ਜਿਸ ਕਰਕੇ ਇਸ ਦਫਤਰ ਵਿੱਚ ਉਪਲਬਧ ਕਰਮਚਾਰੀਆਂ ਦੇ ਮੌਜੂਦਾ ਤੈਨਾਤੀ ਸਥਾਨ ਸਬੰਧੀ ਡਾਟਾ ਫੀਲਡ ਦਫਤਰਾਂ ਦੇ ਡਾਟੇ ਨਾਲ ਮੇਲ ਨਹੀਂ ਖਾਂਦਾ ਇਸ ਲਈ ਉੱਚ ਅਧਿਕਰੀਆਂ ਨੂੰ ਵਕੈਂਸੀ ਸਬੰਧੀ ਤਾਜਾ ਸਥਿਤੀ ਮੁਹਈਆ ਕਰਵਾਉਣ ਵਿੱਚ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ।

ਉਪਰੋਕਤ ਦੇ ਮੱਦੇਨਜਰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਦਫਤਰ ਵੱਲੋਂ ਬਦਲੀ/ਤੈਨਾਤੀ ਦੇ ਕੀਤੇ ਜਾਣ ਵਾਲੇ ਸਾਰੇ ਦਫਤਰੀ ਹੁਕਮ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਸੈਕਸ਼ਨ ਵਿਖੇ ਕਰਮਚਾਰੀਆਂ ਦੀ ਤਾਜਾ ਤੈਨਾਤੀ ਸਥਾਨ ਸਮੇਂ ਸਿਰ ਅਪਡੇਟ ਕੀਤਾ ਜਾ ਸਕੇ ਅਤੇ ਵਕੈਂਸੀ ਮੈਨਟੇਨ ਕੀਤੀ ਜਾ ਸਕੇ ਜੀ। ਇਹਨਾਂ ਹਦਾਇਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਇਸ ਦਫਤਰ ਵਿਖੇ ਉਪਲੱਬਧ ਰਿਕਾਰਡ ਅਨੁਸਾਰ ਬਦਲੀ/ਤੈਨਾਤੀ ਦੇ ਹੁਕਮ ਜਾਰੀ ਕਰ ਦਿੱਤੇ ਜਾਣਗੇ, ਜਿਸ ਦੀ ਜਿਮੇਵਾਰੀ ਸਬੰਧਤ ਦਫਤਰ ਦੀ ਹੋਵੇਗੀ।

ਉੱਚ ਅਧਿਕਾਰੀਆਂ ਦੇ ਚਾਹੇ ਅਨੁਸਾਰ ਇਹਨਾਂ ਹਦਾਇਤਾਂ ਦੀ ਪਾਲਣਾ ਸਖਤੀ ਨਾਲ ਕਰਨੀ ਯਕੀਨੀ ਬਣਾਈ ਜਾਵੇ ਜੀ।

3/8/2022
ਨਿਗ:ਇੰਜੀ:/ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ,ਪਟਿਆਲਾ।

ਸੀ.ਸੀ.

ਮੁੱਖ ਇੰਜੀ:/ਐਚ.ਆਈ.ਐਸ. ਐਂਡ ਡੀ., ਪੀ.ਐਸ.ਟੀ.ਸੀ.ਐਲ., ਪਟਿਆਲਾ।